a2zpapers.com

www.a2zpapers.com

**Exam. Code : 105406**
**Subject Code : 1403**

# Bachelor in Business Administration 6th Semester

## PUNJABI COMPULSORY

### Paper—BBA–602 (i)

Time Allowed—3 Hours] [Maximum Marks—50

1. (ੳ) ਹੇਠ ਲਿਖੀਆਂ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੇ ਤਬ ਤਰਣੁ ਦੁਹੇਲਾ॥
ਹਥੁ ਨ ਲਾਇ ਕੁਸੰਭੜੈ ਜਲਿ ਜਾਸੀ ਢੋਲਾ॥ ਰਹਾਉ॥
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ॥
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ॥
ਕਹੈ ਫਰੀਦ ਸਹੇਲੀਹੋ ਸਹੁ ਅਲਾਏਸੀ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥

ਜਾਂ

(ਅ) ਪੁਸਤਕ 'ਕਾਵਿ ਗੌਰਵ' ਵਿਚ ਦਰਜ 'ਹੀਰ ਵਾਰਿਸ ਸ਼ਾਹ' ਦੇ ਅੰਸ਼ਾਂ ਵਿਚੋਂ 'ਹੀਰ ਦਾ ਮਿਹਰਬਾਨ ਹੋਣਾ' ਵਾਲੇ ਕਾਵਿ-ਬੰਦ ਦਾ ਵਿਸ਼ਾ-ਵਸਤੂ ਲਿਖੋ। 10

2. (ੳ) ਸਫ਼ਰਨਾਮਾ 'ਧਰਤੀਆਂ ਦੇ ਗੀਤ' ਦਾ ਸਮਾਜ-ਸਭਿਆਚਾਰਕ ਪਰਿਪੇਖ ਉਲੀਕੋ।

ਜਾਂ



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

(ਅ) ਬਰਜਿੰਦਰ ਸਿੰਘ ਹਮਦਰਦ ਰਚਿਤ 'ਧਰਤੀ ਦੇ ਗੀਤ' ਦੀ ਇਕ ਸਫ਼ਰਨਾਮੇ ਦੇ ਤੌਰ 'ਤੇ ਪਰਖ ਕਰੋ। 10

3. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਵਿਸ਼ੇ 'ਤੇ ਲੇਖ ਰਚਨਾ ਕਰੋ :

(ੳ) ਜੰਗ ਅਤੇ ਅਮਨ

(ਅ) ਵਿਸ਼ਵੀਕਰਨ

(ੲ) ਨੌਜਵਾਨਾਂ ਵਿਚ ਵਿਦੇਸ਼ ਜਾਣ ਦਾ ਰੁਝਾਨ। 5

4. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਉ :

ਪੰਜਾਹ ਕੁ ਸਾਲ ਪਹਿਲਾਂ ਪੰਜਾਬ ਵਿਚ ਚਿੱਠੀਆਂ ਦਾ ਵੱਡਾ ਮਹੱਤਵ ਸੀ। ਚਿੱਠੀਆਂ ਹੀ ਸੰਚਾਰ ਦਾ ਮਾਧਿਅਮ ਹੁੰਦੀਆਂ ਸਨ। ਇਕ ਤੋਂ ਦੂਜੀ ਥਾਂ ਚਿੱਠੀਆਂ ਪਹੁੰਚਾਉਣ ਦਾ ਵੀ ਲੰਬਾ ਇਤਿਹਾਸ ਹੈ। ਇਹ ਆਮ ਕਰਕੇ ਰਾਜਿਆਂ ਰਜਵਾੜਿਆਂ ਦਾ ਆਪਣਾ-ਆਪਣਾ ਅਤੇ ਨਿੱਜੀ ਪ੍ਰਬੰਧ ਹੁੰਦਾ ਸੀ। ਪਿਸ਼ੌਰ ਤੋਂ ਤੁਰੀ ਕੋਈ ਜ਼ਰੂਰੀ ਚਿੱਠੀ ਦਿੱਲੀ ਦੇ ਬਾਦਸ਼ਾਹ ਨੂੰ ਅੱਜ ਵਾਂਗ ਕੋਰੀਅਰ ਜਾਂ ਸਪੀਡ ਪੋਸਟ ਰਾਹੀਂ ਨਹੀਂ ਸੀ ਪਹੁੰਚਦੀ ਸਗੋਂ ਸ਼ੇਰ ਸ਼ਾਹ ਸੂਰੀ ਦੇ ਸ਼ਾਹ ਰਾਹ ਉੱਤੇ ਥਾਂ-ਥਾਂ ਪੰਜ-ਪੰਜ ਮੀਲ ਦੀ ਵਿੱਥ ਉਤੇ ਘੋੜਿਆਂ ਵਾਲੀਆਂ ਚੌਂਕੀਆਂ ਹੁੰਦੀਆਂ ਸਨ। ਇੱਕ ਚੌਂਕੀ ਉਤੋਂ ਜਾਨਦਾਰ ਘੋੜ ਸਵਾਰ ਚਿੱਠੀ ਲੈ ਕੇ ਅਗਲੀ ਚੌਂਕੀ ਵੱਲ ਸਰਪਟ ਦੌੜਦਾ ਤੇ ਅਗਲੀ ਚੌਂਕੀ ਵਾਲਾ ਘੋੜ ਸਵਾਰ ਪਹਿਲਾਂ ਹੀ ਅਗਾਂਹ ਚਿੱਠੀ ਪਹੁੰਚਾਉਣ ਲਈ ਤਿਆਰ ਹੁੰਦਾ। ਪੰਜਾਬੀ ਲੋਕ ਗੀਤਾਂ ਵਿਚ ਵੀ ਚਿੱਠੀਆਂ ਦਾ ਬੜੀ ਮਾਰਮਿਕਤਾ ਨਾਲ ਜ਼ਿਕਰ ਕੀਤਾ ਮਿਲਦਾ ਹੈ। 5

5. ਪੰਜਾਬੀ ਕਿਰਿਆ ਵਾਕੰਸ਼ ਦੀ ਪਰਿਭਾਸ਼ਾ ਅਤੇ ਬਣਤਰ ਸਪੱਸ਼ਟ ਕਰੋ। 10



www.a2zpapers.com www.a2zpapers.com
oad free old Question papers gndu, ptu hp board, punjab

a2zpapers.com

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਉ :

(ੳ) 'ਕਾਵਿ ਗੌਰਵ' ਪੁਸਤਕ ਦੇ ਸੰਪਾਦਕਾਂ ਦਾ ਨਾਮ ਲਿਖੋ।

(ਅ) ਸ਼ਾਹ ਹੁਸੈਨ ਰਚਿਤ ਕਾਫ਼ੀ 'ਆਪੁ ਨੂੰ ਪਛਾਣ ਬੰਦੇ' ਦਾ ਕੇਂਦਰੀ ਭਾਵ ਲਿਖੋ।

(ੲ) ਸ਼ਾਹ ਮੁਹੰਮਦ 'ਜੰਗ ਹਿੰਦ ਪੰਜਾਬ ਦਾ' ਵਿਚ ਸਿੰਘਾਂ ਦੀ ਹਾਰ ਦਾ ਮੁੱਖ ਕਾਰਨ ਕੀ ਮੰਨਦਾ ਹੈ ?

(ਸ) ਸਫ਼ਰਨਾਮਾ 'ਧਰਤੀਆਂ ਦੇ ਗੀਤ' ਦੇ ਲੇਖਕ ਨੇ ਕਿਸ ਸ਼ਹਿਰ ਨੂੰ ਬਹੁਤੀਆਂ ਕਾਰਾਂ, ਬਹੁਤੇ ਬੋਧੀ ਮੰਦਰਾਂ ਅਤੇ ਬਹੁਤੀਆਂ ਜ਼ਨਾਨੀਆਂ ਵਾਲਾ ਸ਼ਹਿਰ ਕਿਹਾ ਹੈ ?

(ਹ) ਸਫ਼ਰਨਾਮਾ 'ਧਰਤੀਆਂ ਦੇ ਗੀਤ' ਦੇ ਲੇਖਕ ਨੇ ਕਿਸ ਦੇਸ਼ ਨੂੰ 'ਵਖਰੇਵਿਆਂ ਭਰਿਆ ਮੁਲਕ' ਕਿਹਾ ਹੈ ?

$5 \times 2 = 10$



www.a2zpapers.com www.a2zpapers.com
oad free old Question papers gndu, ptu hp board, punjab